This question paper contains 3 printed pages]

*Your Roll No.*...............

**544**

**B.A. (PROGRAMME)/II** **B**

**(T)**

PUNJABI DISCIPLINE—Paper II

(Compulsory)

(Admissions of 2004/2006 and after in respect of the students of Regular Colleges/NCWEB.)

*Time* : 3 *Hours* *Maximum Marks* : 75

(*Write your Roll No. on the top immediately on receipt of this question paper.*)

*Note* :—The maximum marks printed on the question paper are applicable for the students of the regular colleges (Cat. 'A'). These marks will, however, be scaled up proportionately in respect of the students of NCWEB at the time of posting of awards for compilation of result.

ਨੋਟ :– ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ ।

1. ਹੇਠ ਲਿਖੀਆਂ ਕਵਿਤਾਵਾਂ ਵਿਚੋਂ ਕਿਸੇ ਦੋ ਕਵਿਤਾਵਾਂ ਦੇ ਵਿਸ਼ੇ ਬਾਰੇ ਲਿਖੋ : 15

(*i*) ਰਾਧ ਸੰਦੇਸ਼ – ਧਨੀਰਾਮ ਚਾਤ੍ਰਿਕ

(*ii*) ਸੁਨੇਹੁੜੇ – ਅਮ੍ਰਿਤਾ ਪ੍ਰੀਤਮ

(*iii*) ਉਦੋਂ ਵਾਰਿਸ ਸ਼ਾਹ ਨੂੰ – ਸੁਰਜੀਤ ਪਾਤਰ

(*iv*) ਅਪ੍ਰਮਾਣਿਕ – ਡਾ. ਹਰਿਭਜਨ ਸਿੰਘ ।

2. ਨਾਟਕ 'ਕਲ੍ਹ ਅੱਜ ਤੇ ਭਲਕ' ਵਿਚ ਪੇਸ਼ ਸਮਕਾਲੀ ਯਥਾਰਥ ਉੱਪਰ ਵਿਸਤਾਰ ਨਾਲ ਚਰਚਾ ਕਰੋ ।

ਜਾਂ

ਨਾਟਕ 'ਅੱਜ ਕਲ੍ਹ ਤੇ ਭਲਕ' ਦੇ ਪ੍ਰਮੁੱਖ ਪਾਤਰਾਂ ਨਾਲ ਜਾਣ-ਪਛਾਣ ਕਰਵਾਉ । 15

3. ਕਿਸੇ ਪੰਜਾਬੀ ਚੈਨਲ ਦੇ ਨਿਰਦੇਸ਼ਕ ਨੂੰ ਸ਼ਿਕਾਇਤੀ ਪੱਤਰ ਲਿਖ ਕੇ ਪ੍ਰੋਗਰਾਮਾਂ ਵਿਚ ਪੰਜਾਬੀ ਸ਼ਬਦਾਵਲੀ ਦਾ ਸ਼ੁਧ ਉਚਾਰਨ ਤੇ ਲਿਖਤ ਵਿਚ ਸ਼ਬਦ-ਜੋੜਾਂ ਵਲ ਉਚੇਚਾ ਧਿਆਨ ਦੇਣ ਲਈ ਕਹੋ ।

ਜਾਂ

ਸਿਹਤ ਵਿਭਾਗ ਦੇ ਡਾਇਰੈਕਟਰ ਨੂੰ ਆਪਣੇ ਇਲਾਕੇ ਵਿਚ ਹਸਪਤਾਲ ਖੋਲਣ ਲਈ ਬਿਨੈ-ਪੱਤਰ ਲਿਖੋ । 10

4. ਹੇਠ ਲਿਖੇ ਪੈਰੇ ਨੂੰ ਸੰਖੇਪ ਕਰਕੇ ਲਿਖੋ ਅਤੇ ਕੋਈ ਢੁੱਕਵਾਂ ਸਿਰਲੇਖ ਵੀ ਦਸੋ :

ਅੰਮ੍ਰਿਤਾ ਪ੍ਰੀਤਮ ਪੰਜਾਬ ਦੇ ਕੁਝ ਕੁ ਸ਼੍ਰੋਮਣੀ ਕਵੀਆਂ ਵਿਚੋਂ ਹੈ, ਜਿਨ੍ਹਾਂ ਦੀ ਰਚਨਾ ਨੇ ਪੰਜਾਬੀ ਸਾਹਿਤ ਦੇ ਗੌਰਵ ਵਿਚ ਬੇਅੰਤ ਵਾਧਾ ਕੀਤਾ ਹੈ । ਪ੍ਰਿੰਸੀਪਲ ਤੇਜਾ ਸਿੰਘ ਨੇ ਉਸ ਨੂੰ 'ਪੰਜਾਬ ਦੀ ਅਵਾਜ਼' ਕਿਹਾ ਹੈ । ਸੱਚਮੁੱਚ ਹੀ ਉਹ ਪੰਜਾਬ ਦੇ ਇਕ ਵਡੇਰੇ ਹਿੱਸੇ, ਖ਼ਾਸ ਕਰਕੇ ਇਸਤਰੀ ਜਗਤ ਦੇ ਜਜ਼ਬਿਆਂ, ਉਨ੍ਹਾਂ ਦੀਆਂ ਪੀੜਾਂ ਤੇ ਉਸਦੇ ਕਸ਼ਟਾਂ ਦੀ ਤਰਜਮਾਨ ਹੈ । ਜਿਸ ਦਰਦ ਨਾਲ ਉਸ ਨੇ ਮਨੁੱਖ ਦੀਆਂ ਪੀੜਾਂ, ਕੀ ਨਿੱਜੀ ਤੇ ਕੀ ਸਮੂਹਕ ਨੂੰ ਗਾਂਵਿਆਂ ਹੈ, ਉਹ ਹੋਰ ਕਿਸੇ ਪੰਜਾਬੀ ਕਵੀ ਦੇ ਹਿੱਸੇ ਨਹੀਂ ਆਇਆ । ਉਸ ਦੇ ਬੋਲਾਂ ਵਿਚ ਆਖ਼ਰਾਂ ਦੀ ਖਿਚ ਹੈ, ਉਸ ਦੇ ਰੁਦਨ ਵਿਚ ਕਹਿਰਾਂ ਦੀ ਧੂਹ । 10

5. ਹੇਠ ਲਿਖੇ ਪ੍ਰਸ਼ਨਾਂ ਵਿਚੋਂ ਕਿਸੇ ਦੋ ਦਾ ਉੱਤਰ ਲਿਖੋ :

(*i*) ਵਾਕ ਬਣਤਰ ਅਨੁਸਾਰ ਵਾਕਾਂ ਨੂੰ ਕਿੰਨਿਆਂ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ ? ਕਿਸੇ ਇਕ ਦਾ ਲਛਣ ਉਦਾਹਰਨਾ ਸਹਿਤ ਲਿਖੋ ।

(*ii*) ਗੁਰੂ ਅੰਗਦ ਦੇਵ ਨੇ ਗੁਰਮੁੱਖੀ ਲਿਪੀ ਨੂੰ ਕੀ ਦੇਣ ਦਿੱਤੀ ?

(*iii*) ਕਾਰਕ-ਰੂਪ ਦੇ ਪ੍ਰਕਾਰ ਤੇ ਕਿਸੇ ਦੋ ਕਾਰਕ ਰੂਪਾਂ ਦੇ ਲੱਛਣ ਉਦਾਹਰਨਾਂ ਸਹਿਤ ਲਿਖੋ । 10

6. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਗਭਗ **50** ਸ਼ਬਦਾਂ ਵਿਚ ਲਿਖੋ : 5×3=15

(*i*) 'ਕਲ੍ਹ, ਅੱਜ ਤੇ ਭਲਕ' ਨਾਟਕ ਵਿਚ ਮਹੰਤਾਂ ਦੇ ਡੇਰਿਆਂ ਬਾਰੇ ਕਿਹੋ ਜਿਹੀ ਜਾਣਕਾਰੀ ਮਿਲਦੀ ਹੈ ?

(*ii*) ਭਾਈ ਵੀਰ ਸਿੰਘ ਦੀ ਕਵਿਤਾ 'ਕਾਵਿ-ਰੰਗ -ਸੁੰਦਰਤਾ' ਵਿਚ ਪੇਸ਼ ਕਵਿਤਾ ਦੇ ਸੁਹਜ ਨੂੰ ਕਿਵੇਂ ਪੇਸ਼ ਕੀਤਾ ਗਿਆ ਹੈ ? ਚਰਚਾ ਕਰੋ ।

(*iii*) ਅੰਮ੍ਰਿਤਾ ਪ੍ਰੀਤਮ ਦੀ ਕਵਿਤਾ ਅੰਨਦਾਤਾ ਵਿਚ ਇਸਤਰੀ-ਮਰਦ ਦੇ ਕਿਹੋ ਜਿਹੇ ਰਿਸ਼ਤੇ ਨੂੰ ਪੇਸ਼ ਕੀਤਾ ਗਿਆ ਹੈ ।

(*iv*) 'ਕਲ੍ਹ, ਅੱਜ ਤੇ ਭਲਕ' ਨਾਟਕ ਦਾ ਆਰੰਭ ਤੇ ਅੰਤ ਕਿਹੋ ਜਿਹਾ ਹੈ ?

(*v*) 'ਕਲ੍ਹ, ਅੱਜ ਤੇ ਭਲਕ' ਵਿਚ ਕਿਹੋ ਜਿਹਾ ਵਿਅੰਗ ਕੀਤਾ ਗਿਆ ਹੈ ?